**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ** ਭਵਨ, **ਸੈਕਟਰ**-68, **ਐੱਸ.ਏ.ਐੱਸ. ਨਗਰ।**

https://sssb.punjab.gov.in

**ਇਸ਼ਤਿਹਾਰ ਨੰਬਰ** 11 **ਆਫ** 2026 **ਅਸਾਮੀਆਂ ਦੀ ਗਿਣਤੀ** - 6

| **ਲੜੀ ਨੰ.** | **ਅਸਾਮੀ ਦਾ ਨਾਮ** | **ਅਸਾਮੀਆਂ ਦੀ ਗਿਣਤੀ** |
|---|---|---|
| 1. | Line Superintendent | 6 |


| **ਲੜੀ ਨੰ.** | **ਵੇਰਵਾ** | **ਪੰਨਾ ਨੰਬਰ** |
|---|---|---|
| 1. | ਮਹੱਤਵਪੂਰਨ ਮਿਤੀਆਂ | 1 |
| 2. | ਜਾਣ-ਪਹਿਚਾਣ / ਵਿਸਥਾਰਪੂਰਵਕ ਸੂਚਨਾ | 1 |
| 3. | ਅਸਾਮੀਆਂ ਦਾ ਕੈਟਾਗਰੀ-ਵਾਈਜ਼ ਵਰਗੀਕਰਨ | 2 |
| 4. | ਅਸਾਮੀਆਂ ਅਪਲਾਈ ਕਰਨ ਲਈ ਕੈਟਾਗਰੀ ਕੋਡ | 2 |
| 5. | ਰਾਖਵਾਂਕਰਨ ਸੰਬੰਧੀ ਮਹੱਤਵਪੂਰਨ ਹਦਾਇਤਾਂ | 2-3 |
| 6. | ਵਿੱਦਿਅਕ/ਤਕਨੀਕੀ ਯੋਗਤਾ | 3-4 |
| 7. | ਉਮਰ ਸੀਮਾ | 4-5 |
| 8. | ਤਨਖਾਹ ਸਕੇਲ ਅਤੇ ਭੱਤੇ | 5 |
| 9. | ਫੀਸ ਸੰਬੰਧੀ ਵੇਰਵਾ | 5 |
| 10. | ਚੋਣ ਵਿਧੀ/ਪ੍ਰੀਖਿਆ ਸੰਬੰਧੀ ਜਾਣਕਾਰੀ | 5-7 |
| 11. | ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ | 7 |
| 12. | ਅਪਲਾਈ ਕਰਨ ਦੀ ਵਿਧੀ | 7-9 |
| 13. | ਬਿਨੈਕਾਰ ਦੇ ਧਿਆਨ ਹਿੱਤ ਜ਼ਰੂਰੀ ਹਦਾਇਤਾਂ | 9-10 |

# ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

**ਵਣ ਕੰਪਲੈਕਸ, ਸੈਕਟਰ-68, ਐਸ.ਏ.ਐਸ. ਨਗਰ।**

https://sssb.punjab.gov.in

## ਜਨਤਕ ਨਿਯੁਕਤੀਆਂ

**ਮਹੱਤਵਪੂਰਨ ਮਿਤੀਆਂ:**

| | | |
|---|---|---|
| **ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ:** | - | **06-06-2026** |
| **ਆਨਲਾਈਨ ਅਪਲਾਈ ਕਰਨ ਦੀ ਸ਼ੁਰੂਆਤੀ ਮਿਤੀ:** | - | **15-05-2026** |
| **ਆਨਲਾਈਨ ਅਰਜੀਆਂ ਸਬਮਿਟ/ਅਪਲਾਈ ਕਰਨ ਅਤੇ ਫੀਸ ਭਰਨ ਦੀ ਆਖਰੀ ਮਿਤੀ** | - | **05-06-2026** |

**ਨੋਟ:**

**ਇਸ਼ਤਿਹਾਰ ਨੰ: 08/2023 ਵਿੱਚ ਅਪਲਾਈ ਕਰਨ ਵਾਲੇ ਉਮੀਦਵਾਰਾਂ ਲਈ ਹਦਾਇਤਾਂ :-**

- ਕਿਉਂਕਿ ਇਸ਼ਤਿਹਾਰ ਨੰ: 08/2023 ਰਾਹੀਂ ਪ੍ਰਕਾਸ਼ਤ ਲਾਈਨ ਸੁਪਰਡੰਟ ਦੀਆਂ ਅਸਾਮੀਆਂ ਵਾਪਸ ਲੈ ਲਈਆਂ ਗਈਆਂ ਹਨ, ਇਸ ਲਈ ਇਸ਼ਤਿਹਾਰ ਨੰ:08/2023 ਵਿੱਚ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ ਇਸ ਭਰਤੀ ਲਈ ਮੁੜ ਤੋਂ ਅਪਲਾਈ ਕਰਨਾ ਹੋਵੇਗਾ।
- ਇੰਨਾਂ ਉਮੀਦਵਾਰਾਂ ਨੂੰ ਇਸ ਇਸ਼ਤਿਹਾਰ ਲਈ ਫੀਸ ਭਰਨ ਤੋਂ ਛੋਟ ਦਿੱਤੀ ਜਾਂਦੀ ਹੈ।
- ਇੰਨ੍ਹਾਂ ਉਮੀਦਵਾਰਾਂ ਦੀ ਉਮਰ ਸੀਮਾ ਲਈ cut-off ਮਿਤੀ 01-01-2023 ਮੰਨੀ ਜਾਏਗੀ।

## 1. ਜਾਣ-ਪਹਿਚਾਣ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਸਥਾਪਨਾ ਭਾਰਤੀ ਸੰਵਿਧਾਨ ਦੀ ਧਾਰਾ 309 ਤਹਿਤ ਕੀਤੀ ਗਈ ਹੈ, ਜਿਸਦਾ ਮੁੱਖ ਮੰਤਵ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਪ੍ਰਾਪਤ ਹੋਏ ਮੰਗ ਪੱਤਰਾਂ ਅਨੁਸਾਰ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚ ਗੁਰੱਪ-ਬੀ, ਗਰੁੱਪ-ਸੀ ਅਤੇ ਗਰੁੱਪ-ਡੀ ਸੇਵਾਵਾਂ ਦੇ ਅਮਲੇ ਦੀ ਭਰਤੀ ਕਰਨਾ ਹੈ।

## 2. ਵਿਸਥਾਰਪੂਰਵਕ ਸੂਚਨਾ

ਪੰਜਾਬ ਸਰਕਾਰ, ਬਿਜਲੀ ਵਿਭਾਗ (ਊਰਜਾ ਸ਼ਾਖਾ) ਤੋਂ ਪ੍ਰਾਪਤ ਮੰਗ ਪੱਤਰ, ਅਸਾਮੀਆਂ ਦਾ ਵਰਗੀਕਰਨ ਅਤੇ ਪ੍ਰਾਪਤ ਵਿਭਾਗੀ ਸੇਵਾ ਨਿਯਮਾਂ ਅਨੁਸਾਰ Line Superintendent **ਗਰੁੱਪ-ਸੀ** ਦੀਆਂ ਅਸਾਮੀਆਂ ਨੂੰ ਭਰਨ ਲਈ ਬੋਰਡ ਦੀ ਵੈਬਸਾਈਟ **https://sssb.punjab.gov.in** ਤੇ ਯੋਗ ਉਮੀਦਵਾਰਾਂ ਤੋਂ ਮਿਤੀ **15-05-2026 ਤੋਂ 05-06-2026** ਤੱਕ ਕੇਵਲ ਆਨਲਾਈਨ ਮੋਡ ਰਾਹੀਂ ਅਰਜੀਆਂ/ਬਿਨੈ-ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।

3. **ਅਸਾਮੀਆਂ ਦੀ ਕੈਟਾਗਰੀ ਵਾਈਜ਼ ਵਰਗੀਕਰਨ ਹੇਠ ਅਨੁਸਾਰ ਹੈ:-**

(i) **ਅਸਾਮੀ ਦਾ ਨਾਮ:- Line Superintendent**

| Sr. No. | Category | ਆਸਾਮੀਆਂ ਦੀ ਗਿਣਤੀ | |
|---|---|---|---|
| | | Total Number of Vacancies (including Backlog) | **Out of Total Number of Vacancies mention in Column C,** Number of vacancies Reserved for women. |
| A | B | C | D |
| 01 | General | 04 | 01 |
| 02 | SC (M&B) | 01 | 01 |
| 03 | SC (R&O) | 01 | 00 |
| | Total | 06 | 02 |

**ਨੋਟ**: ਉਪਰੋਕਤ ਰਾਖਵਾਂਕਰਨ ਅਤੇ ਸ਼੍ਰੇਣੀ-ਵਾਈਜ ਵਰਗੀਕਰਨ ਵਿਭਾਗ ਵੱਲੋਂ ਪ੍ਰਾਪਤ ਮੰਗ ਪੱਤਰ ਦੇ ਅਧਾਰ ਤੇ ਦਰਸਾਇਆ ਗਿਆ ਹੈ। ਜੇਕਰ ਸਬੰਧਤ ਵਿਭਾਗ ਭਵਿੱਖ ਵਿੱਚ ਭਰਤੀ ਪ੍ਰਕਿਰਿਆ ਦੀ ਕਿਸੇ ਵੀ ਸਟੇਜ਼ ਤੇ ਕਿਸੇ ਵੀ ਕਾਰਨ ਉਪਰੋਕਤ ਦਰਸਾਈਆਂ ਅਸਾਮੀਆਂ ਦੀ ਗਿਣਤੀ ਘਟਾਉਣ ਜਾਂ ਵਧਾਉਣ ਜਾਂ ਅਸਾਮੀਆਂ ਦੀ ਮੰਗ ਮੁਕੰਮਲ ਰੂਪ ਵਿੱਚ ਵਾਪਿਸ ਲੈਣ ਦਾ ਫੈਸਲਾ ਲੈਂਦਾ ਹੈ ਜਾਂ ਉਪਰੋਕਤ ਦਰਸਾਏ ਸ਼੍ਰੇਣੀਆਂ ਦੇ ਵਰਗੀਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਕਰਨ ਦਾ ਫੈਸਲਾ ਲੈਂਦਾ ਹੈ ਤਾਂ ਬੋਰਡ ਦੁਆਰਾ ਇਸ ਸਬੰਧੀ ਭਰਤੀ ਵਿੱਚ ਸੋਧ ਕੀਤੀ ਜਾ ਸਕਦੀ ਹੈ ਜਾਂ ਇਸ਼ਤਿਹਾਰ ਨੂੰ ਮੂਲ ਰੂਪ ਵਿੱਚ ਵਾਪਿਸ ਲਿਆ ਜਾ ਸਕਦਾ ਹੈ। ਅਜਿਹੀ ਹਰ ਤਰਾਂ ਦੀ ਕਾਰਵਾਈ ਸਮੂਹ ਉਮੀਦਵਾਰਾਂ ਤੇ ਲਾਗੂ ਹੋਵੇਗੀ।

4. **ਅਸਾਮੀਆਂ ਲਈ ਅਪਲਾਈ ਕਰਨ ਲਈ ਕੈਟਾਗਰੀ ਕੋਡ** :-

| **Sr. No.** | **Category** | **Code** |
|---|---|---|
| **1.** | **General** | **101** |
| **2.** | **S.C. (M & B)** | **103** |
| **3.** | **S.C. (Ramdasia & others)** | **104** |

General - ਆਮ ਵਰਗ

S.C. (M&B) -ਅਨੁਸੂਚਿਤ ਜਾਤੀ (ਮਜ਼ਬੀ ਤੇ ਬਾਲਮਿਕੀ),

S.C. (R&O) - ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ),

5. **Reservation/ਰਾਖਵਾਂਕਰਨ ਸਬੰਧੀ ਮਹੱਤਵਪੂਰਨ ਹਦਾਇਤਾਂ**:-

(I) ਉਮੀਦਵਾਰ ਸ਼੍ਰੇਣੀ ਅਤੇ ਇਸਦੇ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਸੁਚੇਤ ਹੋ ਕੇ ਭਰਨ ਕਿਉਂਕਿ ਕਿਸੇ ਵੀ ਸਟੇਜ ਤੇ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਤਬਦੀਲ ਨਹੀਂ ਕੀਤਾ ਜਾਵੇਗਾ।

(II) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਵਸਨੀਕਾਂ ਨੂੰ ਹੀ ਮਿਲਣਯੋਗ ਹੋਵੇਗਾ, ਇਸ ਲਈ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਭਰਨ ਸਮੇਂ ਉਮੀਦਵਾਰ ਇਸ ਗੱਲ ਦਾ ਧਿਆਨ ਰੱਖਣ। ਉਮੀਦਵਾਰ ਵੱਲੋਂ ਆਨਲਾਈਨ ਭਰੇ ਗਏ ਫਾਰਮ ਵਿੱਚ ਦਰਜ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਦੇ ਆਧਾਰ ਤੇ ਹੀ ਉਸਦੀ ਪਾਤਰਤਾ ਨੂੰ ਵਿਚਾਰਿਆ ਜਾਵੇਗਾ।

(III) ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਸੰਬੰਧੀ ਸਰਟੀਫਿਕੇਟ (Domicile Certificate/Residence ਅਪਲੋਡ/ਪੇਸ਼ ਕਰੇਗਾ।) (ਇਹ ਸਰਟੀਫਿਕੇਟ ਹਰ ਉਮੀਦਵਾਰ (ਇਸਤਰੀ ਜਾਂ ਪੁਰਸ਼) ਵੱਲੋਂ ਚਾਹੇ ਉਹ ਕਿਸੇ ਵੀ ਕੈਟਾਗਰੀ ਨਾਲ ਸੰਬੰਧ ਰੱਖਦਾ ਹੋਵੇ, ਪੇਸ਼ ਕਰਨਾ ਲਾਜ਼ਮੀ ਹੈ।) ਇਹ ਸਰਟੀਫਿਕੇਟ ਅਪਲੋਡ/ਪੇਸ਼ ਕਰਨ ਸਮੇਂ 5 ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ ਹੈ।

(IV) ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਪੰਜਾਬ ਸਰਕਾਰ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

(V) ਪੰਜਾਬ ਸਰਕਾਰ ਦੇ Notification titled as The Punjab Civil Services (Reservation of Posts for Women) Rules, 2020 ਨੰਬਰ G.S.R. 87/Const/Art.309 and 15/2020 ਮਿਤੀ 21/10/2020 ਅਤੇ ਸਮੇਂ ਸਮੇਂ ਤੇ ਜਾਰੀ ਸੋਧਾਂ ਮੁਤਾਬਕ ਇਸਤਰੀ ਉਮੀਦਵਾਰਾਂ ਨੂੰ ਰਾਖਵਾਂਕਰਨ ਦਾ ਲਾਭ ਦਿੱਤਾ ਜਾਵੇਗਾ।

(VI) ਵਿਮੁਕਤ ਜਾਤੀ ਨਾਲ ਸਬੰਧਤ ਉਮੀਦਵਾਰਾਂ ਤੇ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਲਾਗੂ ਹੋਣਗੀਆਂ।

(VII) ਉਮੀਦਵਾਰ ਕਾਉਂਸਲਿੰਗ ਸਮੇਂ ਅਤੇ ਹੋਰ ਕਿਸੇ ਵੀ ਸਟੇਜ ਤੇ ਬੋਰਡ ਦੀ ਮੰਗ ਅਨੁਸਾਰ ਆਪਣੀ ਸ਼੍ਰੇਣੀ ਨਾਲ ਸਬੰਧਤ ਹਰ ਤਰ੍ਹਾਂ ਦੇ ਪੁਖਤਾ (Valid) ਸਰਟੀਫਿਕੇਟ ਸਬੂਤ ਵਜੋਂ ਪੇਸ਼ ਕਰੇਗਾ। ਕਾਉਂਸਲਿੰਗ ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਅਸਾਮੀਆਂ ਲਈ ਨਹੀਂ ਵਿਚਾਰਿਆ ਜਾਵੇਗਾ ਅਤੇ ਮੈਰਿਟ ਲਿਸਟ ਵਿੱਚ ਮੌਜੂਦ ਅਗਲੇ ਯੋਗ ਉਮੀਦਵਾਰ ਨੂੰ ਵਿਚਾਰਦੇ ਹੋਏ ਉਸਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕਰ ਦਿੱਤਾ ਜਵੇਗਾ।

**6. <u>ਵਿੱਦਿਅਕ ਯੋਗਤਾ/ਤਕਨੀਕੀ ਯੋਗਤਾ</u> :-**

ਉਮੀਦਵਾਰਾਂ ਦੀ ਵਿਦਿਅਕ ਯੋਗਤਾ/ਤਕਨੀਕੀ ਯੋਗਤਾ ਸਬੰਧਤ ਵਿਭਾਗ ਤੋਂ ਪ੍ਰਾਪਤ ਮੰਗ ਮੁਤਾਬਕ ਹੇਠ ਅਨੁਸਾਰ ਹੈ :-

(i) ਅਸਾਮੀ ਦਾ ਨਾਮ:- Line Superintendent

| ਯੋਗਤਾ (Qualification) |
| --- |
| **1. Educational Qualification:-**<br><br>Three years diploma in Electrical Engineering from recognized institution |

ਨੋਟ :- (I) ਉਪਰ ਦਰਸਾਈਆਂ ਵੱਖ ਵੱਖ ਤਰ੍ਹਾਂ ਦੀਆਂ ਅਸਾਮੀਆਂ ਲਈ Punjab Civil Services (General and Common Conditions of Service) Rules, 1994, ਦੇ ਨਿਯਮ 17 ਤਹਿਤ ਦਸਵੀਂ ਪੱਧਰ ਤੇ ਪੰਜਾਬੀ ਜਾਂ ਇਸਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਣੀ ਲਾਜ਼ਮੀ ਹੈ। ਇਸ ਨਿਯਮ ਦੀ ਇਬਾਰਤ ਹੇਠ ਅਨੁਸਾਰ ਹੈ:-

"17.Knowledge of Punjabi Language- No person shall be appointed to any post in any service by direct appointment unless he has passed Matriculation examination with Punjabi as one of the compulsory or elective subjects or any other equivalent examination in Punjabi language which may be specified by the Government from time to time."

(II) ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ; GSR72/Const./Art.309/Amd.(22)/2022, ਮਿਤੀ 28.10.2022 ਅਨੁਸਾਰ ਉਮੀਦਵਾਰ ਨੂੰ ਦਸਵੀਂ ਪੱਧਰ ਦੀ ਪੰਜਾਬੀ ਭਾਸ਼ਾ ਦੀ qualifying nature ਦੀ ਪ੍ਰੀਖਿਆ ਵਿੱਚ 50% ਅੰਕ ਲੈਣੇ ਲਾਜ਼ਮੀ ਹਨ। ਇਸ ਨਿਯਮ ਦੀ ਇਬਾਰਤ ਹੇਠ ਅਨੁਸਾਰ ਹੈ:

"Provided that no person shall be appointed to any post in Group-'C' service unless he had passed a qualifying test of Punjabi Language equivalent to Matriculation standard with at least fifty per cent marks, to be conducted by respective recruitment agencies in addition to competitive examination. The test pf Punjabi Language shall be a mandatory qualifying test and failure to secure a minimum of fifty per cent marks in Punjabi Language will disqualify the candidate for being considered in the final merit list of candidates to be selected irrespective of their scores or marks in other papers of the respective exam.

(III) ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ.G.S.R.7/Const./Art.309/Amd.(23)/ 2026 ਮਿਤੀ 21.01.2026 ਮੁਤਾਬਕ ਉਮੀਦਵਾਰ ਆਨਲਾਈਨ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਲੋੜੀਂਦੀਆਂ ਵਿਦਿਅਕ ਯੋਗਤਾਵਾਂ ਪੂਰੀਆਂ ਕਰਦਾ ਹੋਵੇ। ਇਸ ਨਿਯਮ ਦੀ ਇਬਾਰਤ ਹੇਠ ਅਨੁਸਾਰ ਹੈ:

"The cut-off date to determine the minimum educational and other qualifications, unless otherwise specifically provided in the relevant rules, shall be the last date for submission of application forms."

7. **<u>ਉਮਰ ਸੀਮਾ</u>** :-

ਉਪਰੋਕਤ ਅਸਾਮੀਆਂ ਲਈ ਉਮੀਦਵਾਰਾਂ ਦੀ ਉਮਰ ਸੀਮਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01.01.2026 ਨੂੰ ਹੇਠ ਅਨੁਸਾਰ ਹੋਣੀ ਚਾਹੀਦੀ ਹੈ:-

(i) ਕਿਸੇ ਵੀ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ।

(ii) ਜਨਰਲ ਸ਼੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

(iii) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਦੀ ਉਪਰਲੀ ਸੀਮਾ 42 ਸਾਲ ਹੋਵੇਗੀ।

(iv) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਮਰ ਦੀ ਉਪਰਲੀ ਸੀਮਾਂ ਵਿੱਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 45 ਸਾਲ ਹੋਵੇਗੀ।

(v) The upper age limit for widows, divorcees and certain other categories of married women as per instructions issued by the Government of Punjab vide

letter No. 1/50/83-5PP(1368)/3454 dated 23.04.1984 will be relaxed up to 40 years.

**ਨੋਟ:-** 1. **ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਨੂੰ ਉਮਰ ਦੀ ਉਪਰਲੀ ਸੀਮਾਂ ਵਿੱਚ ਛੋਟ ਲੈਣ ਲਈ ਆਪਣੇ ਵਿਭਾਗ ਤੋਂ NOC ਲੈ ਕੇ ਕਾਉਂਸਲਿੰਗ ਸਮੇਂ ਪੇਸ਼ ਕਰਨਾ ਪਵੇਗਾ।**

2. **ਇਸ਼ਤਿਹਾਰ ਨੰ: 08/2023 ਵਿੱਚ ਅਪਲਾਈ ਕਰਨ ਵਾਲੇ ਉਮੀਦਵਾਰਾਂ ਦੀ ਉਮਰ ਸੀਮਾ ਲਈ cut-off ਮਿਤੀ 01-01-2023 ਮੰਨੀ ਜਾਏਗੀ।**

**8. ਤਨਖਾਹ ਸਕੇਲ ਅਤੇ ਭੱਤੇ**:-

| ਲੜੀ ਨੰ. | ਅਸਾਮੀ ਦਾ ਨਾਮ | ਤਨਖਾਹ ਸਕੇਲ ਅਤੇ ਭੱਤੇ 7ਵੇਂ ਕੇਂਦਰੀ ਤਨਖਾਹ ਸਕੇਲ ਅਨੁਸਾਰ |
|---|---|---|
| 1. | Line Superintendent | 35400/- (Level-6) |

ਤਨਖਾਲ ਸਕੇਲ ਅਤੇ ਭੱਤਿਆਂ ਸਬੰਧੀ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ) ਦੇ ਪੱਤਰ ਨੰ: 7/204/2012-4FP1/66-72, ਮਿਤੀ 15/01/2015 ਅਤੇ ਪੱਤਰ ਨੰ: 07/204/2015-4FP1/853793 ਮਿਤੀ 04/10/2016 ਅਤੇ ਇਸ ਸਬੰਧੀ ਸਮੇਂ-ਸਮੇਂ ਤੇ ਜਾਰੀ ਹੋਰ ਹਦਾਇਤਾਂ ਲਾਗੂ ਹੋਣਗੀਆਂ।

9. **ਫੀਸ ਸਬੰਧੀ ਵੇਰਵਾ**:-

| | | |
|---|---|---|
| ਆਮ ਵਰਗ (General Category) | - | 1000/- ਰੁਪਏ |
| ਐਸ.ਸੀ.(S.C) | - | 250/- ਰੁਪਏ |

ਨੋਟ: 1. **ਉਮੀਦਵਾਰ ਦੁਆਰਾ ਇੱਕ ਵਾਰ ਅਦਾ ਕੀਤੀ ਫੀਸ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਹੋਵੇਗੀ।**

2. **ਇਸ਼ਤਿਹਾਰ ਨੰ: 08/2023 ਵਿੱਚ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ ਇਸ ਇਸ਼ਤਿਹਾਰ ਲਈ ਫੀਸ ਭਰਨ ਤੋਂ ਛੋਟ ਦਿੱਤੀ ਜਾਂਦੀ ਹੈ।**

**10. ਚੋਣ ਵਿਧੀ/ਪ੍ਰੀਖਿਆ ਸੰਬੰਧੀ ਜਾਣਕਾਰੀ**:-

i. ਪ੍ਰਕਾਸ਼ਿਤ ਕੀਤੀਆਂ ਅਸਾਮੀਆਂ ਲਈ ਸਫਲਤਾਪੂਰਵਕ ਅਪਲਾਈ ਕਰਨ ਵਾਲੇ ਉਮੀਦਵਾਰਾਂ ਦੀ Objective Type {Multiple Choice Question (MCQ)} ਲਿਖਤੀ ਪ੍ਰੀਖਿਆ ਲਈ ਜਾਏਗੀ।

ii. ਇਹ ਪ੍ਰੀਖਿਆ ਦੋ ਭਾਗਾਂ (Part A & B) ਵਿੱਚ ਹੋਏਗੀ। Part-A ਵਿੱਚ ਦਸਵੀਂ ਪੱਧਰ ਦੀ ਪੰਜਾਬੀ ਭਾਸ਼ਾ ਦਾ ਪੇਪਰ ਹੋਏਗਾ, ਜੋ ਕਿ ਸਿਰਫ qualifying nature ਦਾ ਹੋਏਗਾ। ਇਹ ਪੇਪਰ qualify ਕਰਨ ਲਈ ਘੱਟੋ-ਘੱਟ 50% ਅੰਕ ਪ੍ਰਾਪਤ ਕਰਨੇ ਜਰੂਰੀ ਹਨ।

iii. ਉਮੀਦਵਾਰਾਂ ਦੀ ਮੈਰਿਟ ਸੂਚੀ (Merit List) ਲਿਖਤੀ ਪ੍ਰੀਖਿਆ ਦੇ ਸਿਰਫ Part-B ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਜਾਏਗੀ। Part-B ਵਿੱਚ ਨੈਗੇਟਿਵ ਮਾਰਕਿੰਗ ਹੋਵੇਗੀ। ਹਰੇਕ ਪ੍ਰਸ਼ਨ ਦਾ 1 ਅੰਕ ਹੋਵੇਗਾ ਅਤੇ ਗਲਤ ਉੱਤਰ ਲਈ ¼ ਅੰਕ ਕੱਟੇ ਜਾਣਗੇ।

iv. ਲਿਖਤੀ ਪ੍ਰੀਖਿਆ ਵਿੱਚ ਜੇਕਰ ਮੈਰਿਟ ਦੀ ਬਰਾਬਰਤਾ ਸੰਬੰਧੀ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਇਸ ਸਬੰਧੀ ਬਰਾਬਰ ਅੰਕ ਹਾਸਿਲ ਉਮੀਦਵਾਰਾਂ ਦੀ ਜਨਮ ਮਿਤੀ ਨੂੰ ਵਿਚਾਰਿਆ ਜਾਵੇਗਾ ਅਤੇ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ। ਜੇਕਰ ਬਰਾਬਰ ਮੈਰਿਟ ਹਾਸਿਲ ਉਮੀਦਵਾਰਾਂ ਦੀ ਜਨਮ ਮਿਤੀ ਮੁਤਾਬਿਕ ਉਮਰ ਵਿੱਚ ਵੀ ਬਰਾਬਰਤਾ ਪਾਈ ਜਾਂਦੀ ਹੈ ਤਾਂ ਇਸ ਸਬੰਧੀ ਉਮੀਦਵਾਰ ਦੀ ਮੰਗੀ ਵਿੱਦਿਅਕ ਯੋਗਤਾ ਦੀ ਪ੍ਰਤੀਸ਼ਤਤਾ ਨੂੰ ਵਿਚਾਰਦੇ ਹੋਏ ਵੱਧ ਅੰਕ ਹਾਸਿਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ ਅਤੇ ਜੇਕਰ ਉਪਰੋਕਤ ਦੋਵੇਂ ਸਥਿਤੀਆਂ ਵਿੱਚ ਵੀ ਅੰਕਾਂ ਦੀ ਬਰਾਬਰਤਾ ਦਾ ਵਿਵਾਦ ਨਹੀਂ ਸੁਲਝਦਾ ਹੈ ਤਾਂ ਅੰਤ ਵਿੱਚ ਮੈਟ੍ਰਿਕ ਦੇ ਅੰਕਾਂ ਨੂੰ ਵਿਚਾਰਦੇ ਹੋਏ ਮੈਟ੍ਰਿਕ ਵਿਚ ਵੱਧ ਅੰਕ ਹਾਸਿਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ।

v. ਮੈਰਿਟ ਸੂਚੀ ਦੇ ਆਧਾਰ ਤੇ ਉਮੀਦਵਾਰਾਂ ਨੂੰ ਹਰ ਤਰ੍ਹਾਂ ਦੇ ਦਸਤਾਵੇਜਾਂ ਦੀ ਪੜਤਾਲ/ਵੈਰੀਫਿਕੇਸ਼ਨ ਕਰਨ ਲਈ ਕਾਉਂਸਲਿੰਗ ਲਈ ਬੁਲਾਇਆ ਜਾਏਗਾ। ਕਾਉਂਸਲਿੰਗ ਲਈ ਬੁਲਾਏ ਜਾਣ ਵਾਲੇ ਉਮੀਦਵਾਰਾਂ ਦੀ ਗਿਣਤੀ ਦਾ ਫੈਸਲਾ ਬੋਰਡ ਜਾਂ ਬੋਰਡ ਦੀ ਸਮਰੱਥ ਅਥਾਰਟੀ/ਅਧਿਕਾਰੀ ਵੱਲੋਂ ਸ਼੍ਰੇਣੀ ਵਾਈਜ ਅਸਾਮੀਆਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਜਾਏਗਾ। ਇਸ ਉਪਰੰਤ ਕਾਉਂਸਲਿੰਗ ਉਪਰੰਤ ਮੁਕੰਮਲ ਤੌਰ ਤੇ ਸਫਲ/ਯੋਗ ਪਾਏ ਗਏ ਉਮੀਦਵਾਰਾਂ ਦੇ ਨਾਮ ਅਸਾਮੀਆਂ ਦੀ ਉਸ ਸਮੇਂ ਦੀ ਮੌਜੂਦਾ ਗਿਣਤੀ (ਜੋ ਕਿ ਸਬੰਧਤ ਵਿਭਾਗ ਦੇ ਹੁਕਮਾਂ/ਹਦਾਇਤਾਂ ਅਨੁਸਾਰ ਭਰਤੀ ਪ੍ਰਕੀਰਿਆ ਦੌਰਾਨ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ) ਅਨੁਸਾਰ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤੇ ਜਾਣਗੇ।

vi. ਆਨਲਾਈਨ ਅਪਲਾਈ ਕਰਨ ਜਾਂ ਲਿਖਤੀ ਪੇਪਰ ਵਿੱਚ ਅਪੀਅਰ ਹੋਣ ਜਾਂ ਮੈਰਿਟ ਸੂਚੀ ਵਿੱਚ ਨਾਮ ਆਉਣ ਜਾਂ ਕਾਉਂਸਲਿੰਗ ਲਈ ਬੁਲਾਏ ਜਾਣ ਨਾਲ ਉਮੀਦਵਾਰ ਅਸਾਮੀ ਲਈ ਸਿਫਾਰਸ਼ ਹੋਣ ਦਾ ਅਧਿਕਾਰੀ ਨਹੀਂ ਬਣ ਜਾਵੇਗਾ। ਅਸਾਮੀਆਂ ਲਈ ਹਰ ਪੱਖੋਂ ਉਮੀਦਵਾਰ ਦੀ ਯੋਗਤਾ ਸਿੱਧ ਹੋਣ ਉਪਰੰਤ ਹੀ ਲਿਖਤੀ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ ਉਸਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤਾ ਜਾਏਗਾ। ਉਮੀਦਵਾਰ ਵੱਲੋਂ ਆਪਣੀ ਯੋਗਤਾ ਸਿੱਧ ਨਾ ਕਰ ਸਕਣ ਦੀ ਸਥਿਤੀ ਵਿੱਚ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਏਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ।

vii. ਕਾਉਂਸਲਿੰਗ ਲਈ ਬੁਲਾਏ ਗਏ ਉਮੀਦਵਾਰਾਂ ਨੂੰ ਉਨ੍ਹਾਂ ਦੀ ਯੋਗਤਾ/ਪਾਤਰਤਾ ਦੇ ਆਧਾਰ ਤੇ ਬਿਨੈ ਕਰਨ ਵਾਲੀ ਸ਼੍ਰੇਣੀ/ਅਸਾਮੀ ਕੋਡ ਵਿੱਚ ਹੀ ਵਿਚਾਰਿਆ ਜਾਵੇਗਾ।

viii. ਲਿਖਤੀ ਪ੍ਰੀਖਿਆ ਲਈ ਰੋਲ ਨੰਬਰ, ਸਲੇਬਸ ਅਤੇ ਹੋਰ ਜਾਣਕਾਰੀ ਬੋਰਡ ਦੀ ਵੈੱਬਸਾਈਟ https://sssb.punjab.gov.in ਤੇ ਸਮੇਂ-ਸਮੇਂ ਤੇ ਜਾਰੀ ਕੀਤੀ ਜਾਵੇਗੀ। ਇਸ ਲਈ ਉਮੀਦਵਾਰ ਸਮੇਂ ਸਮੇਂ ਤੇ ਬੋਰਡ ਦੀ ਵੈੱਬਸਾਈਟ ਚੈੱਕ ਕਰਦੇ ਰਹਿਣਗੇ। ਕਿਸੇ ਵੀ ਉਮੀਦਵਾਰ ਨਾਲ ਵਿਅਕਤੀਗਤ ਤੌਰ ਤੇ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ, ਜੇਕਰ ਕੋਈ ਉਮੀਦਵਾਰ ਵੈੱਬਸਾਈਟ ਚੈੱਕ ਨਹੀਂ ਕਰਦਾ ਤਾਂ ਬਾਅਦ ਵਿੱਚ ਉਸਦਾ ਕੋਈ ਕਲੇਮ ਮੰਨਣਯੋਗ ਨਹੀਂ ਹੋਵੇਗਾ।

## 11. <u>ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ</u>:

ਹੇਠ ਲਿਖੀ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਏਗੀ:

(I) ਪੂਰੀ ਫੀਸ ਪ੍ਰਾਪਤ ਨਾ ਹੋਣਾ ਜਾਂ ਨਿਰਧਾਰਤ ਵਿਧੀ ਅਨੁਸਾਰ ਫੀਸ ਜਮ੍ਹਾਂ ਨਾ ਕਰਵਾਉਣਾ,

(II) ਬਿਨੈ-ਪੱਤਰ ਵਿੱਚ ਅਧੂਰੀ ਜਾਂ ਗਲਤ ਸੂਚਨਾ ਭਰਨਾ,

(III) ਆਨਲਾਈਨ ਅਪਲਾਈ ਕਰਨ ਦੀ ਪੂਰੀ ਪ੍ਰਕੀਰਿਆ ਮੁਕੰਮਲ ਨਾ ਕਰਨਾ,

(IV) ਅਧੀਨ ਸੇਵਾਵਾਂ ਚੋਣ ਬੋਰਡ ਜਾਂ ਕਿਸੇ ਹੋਰ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਹੋਣਾ,

(V) ਵਿੱਦਿਅਕ ਯੋਗਤਾ, ਉਮਰ, ਰਾਖਵਾਂਕਰਨ ਜਾਂ ਭਰਤੀ ਦੀਆਂ ਹੋਰ ਸ਼ਰਤਾਂ ਪੂਰੀਆਂ ਨਾ ਹੋਣਾ,

(VI) ਬੋਰਡ ਦੀ ਵੈੱਬਸਾਈਟ https://sssb.punjab.gov.in ਤੇ ਆਨਲਾਈਨ ਅਪਲਾਈ ਕਰਨ ਦੀ ਪ੍ਰਕੀਰਿਆ ਦੀ ਥਾਂ ਕਿਸੇ ਹੋਰ ਪ੍ਰਕੀਰਿਆ ਰਾਹੀਂ ਅਪਲਾਈ ਕਰਨਾ।

(VII) ਜੇਕਰ ਕੋਈ ਉਮੀਦਵਾਰ ਉਕਤ ਅਸਾਮੀਆਂ ਲਈ ਅਜਿਹੀ ਸ਼੍ਰੇਣੀ/ਕੋਡ ਦੇ ਵਿਰੁੱਧ ਅਪਲਾਈ ਕਰਦਾ ਹੈ, ਜਿਸ ਕੈਟਾਗਰੀ ਦੀ ਕੋਈ ਅਸਾਮੀ ਇਸ਼ਤਿਹਾਰ ਵਿੱਚ ਸ਼ਾਮਿਲ ਨਾ ਕੀਤੀ ਹੋਵੇ।

(VIII) ਕੇਂਦਰ/ ਰਾਜ ਸਰਕਾਰ ਅਧੀਨ ਕੰਮ ਕਰਦੇ ਉਮੀਦਵਾਰ ਦੀ ਯੋਗ ਪ੍ਰਣਾਲੀ ਰਾਹੀਂ ਅਰਜ਼ੀ ਪ੍ਰਾਪਤ ਨਾ ਹੋਣਾ।

## 12. ਅਪਲਾਈ ਕਰਨ ਦੀ ਵਿਧੀ:

(I) ਉਮੀਦਵਾਰ ਬੋਰਡ ਦੀ ਵੈਬਸਾਈਟ https://sssb.punjab.gov.in ਤੇ "Apply Online" ਅਧੀਨ ਮੁਹੱਈਆ ਲਿੰਕ ਤੇ ਕਲਿਕ ਕਰਕੇ **ਮਿਤੀ 15.05.2026 ਤੋਂ 05.06.2026 ਤੱਕ** ਕੇਵਲ ਆਨਲਾਈਨ ਹੀ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਪ੍ਰਾਪਤ ਐਪਲੀਕੇਸ਼ਨ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਇਹ ਰੱਦ ਸਮਝੀ ਜਾਵੇਗੀ।

(II) **Registration and Login**

ਬੋਰਡ ਦੀ ਵੈਬਸਾਈਟ ਤੇ ਉਪਲਬਧ "Apply Online" ਲਿੰਕ ਤੇ ਕਲਿਕ ਕਰਨ ਉਪਰੰਤ ਉਮੀਦਵਾਰ (ਜਿਨ੍ਹਾਂ ਉਮੀਦਵਾਰਾਂ ਦਾ Login/User ID ਨਹੀਂ ਹੈ) "Registraion" ਤੇ ਕਲਿਕ ਕਰਕੇ ਆਪਣੀ ਡਿਟੇਲ ਭਰਨਗੇ, ਜਿਸ ਨਾਲ ਉਨ੍ਹਾਂ ਦਾ User ID ਅਤੇ Password generate ਹੋ ਜਾਵੇਗਾ। Registration ਸਫਲ ਹੋਣ ਉਪਰੰਤ ਹੀ UserID ਦੀ ਵਰਤੋਂ ਕਰਕੇ ਆਨਲਾਈਨ ਅਪਲਾਈ ਕੀਤਾ ਜਾ ਸਕੇਗਾ। ਇਸ ਲਈ

ਉਮੀਦਵਾਰ ਇਹ UserID ਭਵਿੱਖ ਲਈ ਸੰਭਾਲ ਕੇ ਰੱਖਣ। ਰਜਿਸਟ੍ਰੇਸ਼ਨ ਕਰਨ ਤੋਂ ਬਾਅਦ ਉਮੀਦਵਾਰ ਆਪਣੀ ਰਜਿਸਟਰ ਕੀਤੀ ਜਾਣਕਾਰੀ/UserID ਨਾਲ Login ਕਰਕੇ ਆਨਲਾਈਨ ਅਪਲਾਈ ਕਰਨ ਦੀ ਪ੍ਰਕਿਰਿਆ ਜਾਰੀ ਰੱਖਣ।

(III) **Online Application/ਅਰਜ਼ੀ ਫਾਰਮ ਭਰਨਾ**

ਉਮੀਦਵਾਰ ਸਭ ਤੋਂ ਪਹਿਲਾਂ ਆਪਣੀ ਨਿੱਜੀ, ਵਿਦਿਅਕ ਅਤੇ ਲੋੜੀਂਦੀ ਜਾਣਕਾਰੀ ਸਹੀ ਅਤੇ ਪੂਰੀ ਤਰ੍ਹਾਂ ਭਰਦੇ ਹੋਏ ਆਪਣੀ ਪਾਸਪੋਰਟ ਆਕਾਰ ਦੀ ਫੋਟੋ ਅਪਲੋਡ ਕਰਨਗੇ ਜਾਂ ਕੈਮਰੇ ਰਾਹੀਂ live Photo capture ਕਰਨਗੇ, ਇਸਦੇ ਨਾਲ ਹੀ ਦਸਤਖ਼ਤ ਦੀ ਸਕੈਨ ਕੀਤੀ ਕਾਪੀ ਅਪਲੋਡ ਕਰਨਗੇ। ਫੋਟੋ ਅਤੇ ਦਸਤਖ਼ਤ ਤੋਂ ਬਿਨਾਂ ਭੇਜੀਆਂ ਅਰਜ਼ੀਆਂ ਅਧੂਰੀਆਂ ਮੰਨੀਆਂ ਜਾਣਗੀਆਂ ਅਤੇ ਰੱਦ ਕਰ ਦਿੱਤੀਆਂ ਜਾਣਗੀਆਂ। ਇਸ ਉਪਰੰਤ ਉਮੀਦਵਾਰ "Save Draft" ਕਰਨਗੇ ਜਾਂ "Next" ਤੇ ਕਲਿਕ ਕਰਨਗੇ। ਇਸ ਉਪਰੰਤ ਉਮੀਦਵਾਰ "Attach Annexure" ਤੇ ਕਲਿਕ ਕਰਨਗੇ ਅਤੇ ਆਪਣੇ 10ਵੀਂ ਜਮਾਤ ਦਾ ਸਰਟੀਫਿਕੇਟ, ਵਿਦਿਅਕ ਯੋਗਤਾ ਨਾਲ ਸਬੰਧਤ ਸਰਟੀਫਿਕੇਟ ਅਤੇ ਹੋਰ ਲਾਜ਼ਮੀ ਦਸਤਾਵੇਜ਼ਾਂ ਦੀਆਂ ਸਕੈਨ ਕਾਪੀਆਂ ਅਪਲੋਡ ਕਰਨਗੇ । ਦਸਤਾਵੇਜ਼ ਅਪਲੋਡ ਕਰਨ ਤੋਂ ਬਾਅਦ "Save Documents" ਤੇ ਕਲਿੱਕ ਕਰਨਗੇ। ਇਸ ਉਪਰੰਤ "Make payment" ਤੇ ਕਲਿਕ ਕਰਦੇ ਹੋਏ ਉਮੀਦਵਾਰ ਆਨਲਾਈਨ ਫੀਸ ਦਾ ਭੁਗਤਾਨ ਕਰਨਗੇ। ਫੀਸ ਦਾ ਭੁਗਤਾਨ ਕਰਨ ਉਪਰੰਤ "Submit" ਤੇ ਕਲਿੱਕ ਕਰਦੇ ਹੋਏ apply ਕਰਨ ਦੀ ਵਿਧੀ ਨੂੰ ਪੂਰਾ ਕਰਨਗੇ ਅਤੇ ਉਨ੍ਹਾਂ ਦਾ ਪੂਰਾ Application Form screen ਤੇ ਦਿਖਾਈ ਦੇਵੇਗਾ। ਉਮੀਦਵਾਰ ਇਸਦਾ print ਲੈਕੇ ਭਵਿੱਖ ਲਈ ਸੰਭਾਲ ਕੇ ਰੱਖਣਗੇ। ਇਹ Application Form ਫੀਸ ਦੀ ਸਫਲਤਾਪੂਰਵਕ ਅਦਾਇਗੀ ਹੋਣ ਉਪਰੰਤ ਹੀ ਸਵੀਕਾਰ ਕੀਤਾ ਜਾਵੇਗਾ।

(IV) Application Form ਦਾ Draft save ਕਰਨ ਤੋਂ ਬਾਅਦ ਇਹ Draft "Menu>View Status of Application>View Incomplete Application" ਲਿੰਕ ਤੇ ਕਲਿਕ ਕਰਕੇ ਮੁੜ ਦੇਖਿਆ ਜਾ ਸਕਦਾ ਹੈ ਅਤੇ ਫਾਰਮ complete ਕਰਕੇ submit ਕੀਤਾ ਜਾ ਸਕੇਗਾ।

(V) **ਇਸ਼ਤਿਹਾਰ ਨੰ: 08/2023 ਵਿੱਚ ਅਪਲਾਈ ਕਰਨ ਵਾਲੇ ਉਮੀਦਵਾਰ ਬੋਰਡ ਦੀ ਵੈਬਸਾਈਟ ਤੇ ਉਪਲਬਧ "Apply Online" ਲਿੰਕ ਤੇ ਕਲਿਕ ਕਰਨ ਉਪਰੰਤ "Registraion" ਤੇ ਕਲਿਕ ਕਰਕੇ ਆਪਣੀ ਡਿਟੇਲ ਭਰਕੇ ਆਪਣਾ User ID ਅਤੇ Password generate ਕਰਨਗੇ ਜਿਸਦੀ ਵਰਤੋਂ ਕਰਕੇ ਹੀ ਆਨਲਾਈਨ ਅਪਲਾਈ ਕੀਤਾ ਜਾ ਸਕੇਗਾ। ਇਸ ਲਈ ਉਮੀਦਵਾਰ ਇਹ UserID ਭਵਿੱਖ ਲਈ ਸੰਭਾਲ ਕੇ ਰੱਖਣ। ਰਜਿਸਟ੍ਰੇਸ਼ਨ ਕਰਨ ਤੋਂ ਬਾਅਦ ਉਮੀਦਵਾਰ Login ਕਰਕੇ ਇਸ਼ਤਿਹਾਰ ਨੰ: 08/2023 ਵਿੱਚ ਸਬਮਿਟ ਕੀਤੇ Application No. ਅਤੇ Date of Birth ਦੀ ਵਰਤੋਂ ਕਰਕੇ ਆਪਣੀ ਡਿਟੇਲ ਵੈਰੀਫਾਈ ਕਰਨਗੇ ਅਤੇ ਇਸ ਉਪਰੰਤ ਆਨਲਾਈਨ ਅਪਲਾਈ ਕਰਨ ਦੀ ਪ੍ਰਕਿਰਿਆ ਜਾਰੀ ਰੱਖਣਗੇ।**

(VI) ਉਮੀਦਵਾਰ ਦੁਆਰਾ ਇੱਕ ਵਾਰ Application Form ਸਬਮਿਟ ਕਰਨ ਉਪਰੰਤ ਕਿਸੇ ਵੀ ਹਾਲਤ ਵਿੱਚ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਕੀਤੀ ਜਾ ਸਕੇਗੀ ਅਤੇ ਨਾ ਹੀ ਭਵਿੱਖ ਵਿੱਚ ਸੋਧ ਕਰਨ ਸਬੰਧੀ ਉਮੀਦਵਾਰ ਦੀ ਕੋਈ ਪ੍ਰਤੀਬੇਨਤੀ/ਮੰਗ ਦਫਤਰ ਵੱਲੋਂ ਸਵੀਕਾਰ ਕੀਤੀ ਜਾਏਗੀ।

(VII) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਅਤੇ ਫੀਸ ਦਾ ਭੁਗਤਾਨ ਨਾ ਕਰਨ ਦੀ ਹਾਲਤ ਵਿੱਚ ਉਸਦਾ Application form ਅਧੂਰਾ ਸਮਝਦੇ ਹੋਏ ਸਵੀਕਾਰ ਨਹੀਂ ਕੀਤਾ ਜਾਏਗਾ ਅਤੇ ਉਸਦੀ ਅਰਜੀ/ਪਾਤਰਤਾ ਮੁੱਢ ਤੋਂ ਹੀ ਰੱਦ ਸਮਝੀ ਜਾਵੇਗੀ।

(VIII) ਕਿਸੇ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਜਾਂ ਕਿਸੇ ਹੋਰ ਵਿਧੀ ਰਾਹੀਂ ਜਮ੍ਹਾਂ ਕਰਵਾਈ ਗਈ ਫੀਸ ਨੂੰ ਵੈਲਿਡ (valid) ਨਹੀਂ ਮੰਨਿਆ ਜਾਵੇਗਾ ਅਤੇ ਅਜਿਹੀ ਅਰਜੀ ਨੂੰ ਸਵੀਕਾਰ ਨਾ ਕਰਦੇ ਹੋਏ ਰੱਦ ਕਰ ਦਿੱਤਾ ਜਾਏਗਾ।

(IX) Online ਅਦਾ ਕੀਤੀ ਗਈ ਫੀਸ ਦੀ Transaction ਕਿਸੇ ਵੀ ਕਾਰਨ ਕਰਕੇ ਅਸਫਲ ਹੋਣ ਦੀ ਸਥਿਤੀ ਵਿੱਚ ਉਮੀਦਵਾਰ ਦੀ Application ਜਮ੍ਹਾਂ ਨਹੀਂ ਹੋਈ ਮੰਨੀ ਜਾਵੇਗੀ ਅਤੇ ਇੱਕ ਵਾਰ ਅਦਾ ਕੀਤੀ ਫੀਸ ਨਾ-ਮੋੜਨਯੋਗ ਹੋਵੇਗੀ।

(X) Application form submit ਕਰਨ ਉਪਰੰਤ ਉਮੀਦਵਾਰ ਇਸਦਾ ਪ੍ਰਿੰਟ ਲੈ ਕੇ ਰੱਖਣਗੇ।

**13. <u>ਬਿਨੈਕਾਰਾਂ ਦੇ ਧਿਆਨ ਹਿਤ ਜ਼ਰੂਰੀ ਹਦਾਇਤਾਂ</u>:**

(ੳ) ਉਮੀਦਵਾਰ ਕੈਟਾਗਰੀ ਅਤੇ ਕੈਟਾਗਰੀ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਭਰਨ ਕਿਉਂਕਿ ਫਾਰਮ ਭਰਨ ਉਪਰੰਤ ਕਿਸੇ ਵੀ ਸਟੇਜ ਤੇ ਕੈਟਾਗਰੀ ਅਤੇ ਕੈਟਾਗਰੀ ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

(ਅ) ਆਨਲਾਈਨ ਫਾਰਮ ਭਰਨ ਸਮੇਂ ਹੋਈ ਕਿਸੇ ਵੀ ਗਲਤੀ ਲਈ ਉਮੀਦਵਾਰ ਖੁਦ ਜਿੰਮੇਵਾਰ ਹੋਵੇਗਾ। ਉਮੀਦਵਾਰ ਵੱਲੋਂ ਇੱਕ ਵਾਰ ਸਬਮਿਟ ਕੀਤਾ ਗਿਆ ਡਾਟਾ ਕਿਸੇ ਵੀ ਹਾਲਤ ਵਿੱਚ ਬਦਲਣ ਦੀ ਆਗਿਆ ਨਹੀਂ ਹੋਵੇਗੀ।

(ੲ) ਉਮੀਦਵਾਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੰਨ੍ਹਾਂ ਅਸਾਮੀਆਂ ਲਈ ਖੁਦ ਆਨਲਾਈਨ ਅਪਲਾਈ ਕਰਨ। ਉਮੀਦਵਾਰ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਨਾ ਲਵੇ। ਜੇਕਰ ਫਾਰਮ ਭਰਨ ਵਿੱਚ ਕੋਈ ਗਲਤੀ ਹੋ ਜਾਂਦੀ ਹੈ ਤਾਂ ਫਾਰਮ ਵਿੱਚ ਕੋਈ ਸੋਧ ਨਹੀਂ ਕੀਤੀ ਜਾਵੇਗੀ।

(ਸ) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਲੋੜੀਂਦੇ ਸਰਟੀਫਿਕੇਟ PDF ਫਾਰਮੈਂਟ ਵਿੱਚ portal ਵਿੱਚ ਦਰਸਾਏ ਅਨੁਸਾਰ ਸਕੈਨ ਕਰਕੇ ਨਾਲ ਹੀ ਅਪਲੋਡ ਕਰਨਗੇ।

(ਹ) ਉਮੀਦਵਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਰਤੀ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਿ ਪ੍ਰੀਖਿਆ ਦੀ ਮਿਤੀ/ਸ਼ਡਿਊਲ, Admit Card, ਪ੍ਰੀਖਿਆ ਕੇਂਦਰ ਦੀ ਜਾਣਕਾਰੀ, ਨਤੀਜਾ, ਮੈਰਿਟ ਸੂਚੀ ਜਾਂ ਭਰਤੀ ਪ੍ਰਕੀਰਿਆ ਸਬੰਧੀ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਹੋਣ ਵਾਲੀ ਹੋਰ ਜਾਣਕਾਰੀ/ਨੋਟਿਸ/ਤਬਦੀਲੀ ਸਿਰਫ ਬੋਰਡ ਦੀ ਵੈੱਬਸਾਈਟ ਤੇ ਹੀ ਅਪਲੋਡ (upload) ਕੀਤੀ ਜਾਏਗੀ। **ਇਸ ਸਬੰਧੀ ਉਮੀਦਵਾਰਾਂ ਨੂੰ ਵੱਖਰੇ ਅਤੇ ਵਿਅਕਤੀਗਤ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਏਗੀ।** ਸੋ ਜਦ ਤੱਕ ਭਰਤੀ ਪ੍ਰਕਿਰਿਆ ਮੁੰਕਮਲ ਨਹੀਂ ਹੋ ਜਾਂਦੀ ਤਦ ਤੱਕ ਉਮੀਦਵਾਰਾਂ ਨੂੰ Latest updates ਲਈ ਬੋਰਡ ਦੀ ਵੈੱਬਸਾਈਟ ਲਾਜ਼ਮੀ ਤੌਰ ਤੇ ਚੈੱਕ ਕਰਦੇ ਰਹਿਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਮੀਦਵਾਰ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਜਿੰਮੇਵਾਰੀ ਅਧੀਨ ਸੇਵਾਵਾਂ ਚੋਣ ਬੋਰਡ ਦੀ ਨਹੀਂ ਹੋਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਸੁਣਵਾਈ ਦਾ ਮੌਕਾ ਦਿੱਤਾ ਜਾਏਗਾ।

(ਕ) ਉਮੀਦਵਾਰ ਕਾਉਂਸਲਿੰਗ ਸਮੇਂ ਲੋੜੀਂਦੀ ਵਿੱਦਿਅਕ ਯੋਗਤਾ, ਤਕਨੀਕੀ ਯੋਗਤਾ ਅਤੇ ਰਾਖਵਾਂਕਰਨ ਨਾਲ ਸਬੰਧਤ ਆਪਣੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਪੇਸ਼ ਕਰਨਗੇ।

(ਖ) ਲਿਖਤੀ ਪ੍ਰੀਖਿਆ ਅਤੇ ਕਾਉਂਸਲਿੰਗ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

(ਗ) ਇਸ ਭਰਤੀ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ ਦਫ਼ਤਰੀ ਸਮੇਂ ਦੌਰਾਨ ਬੋਰਡ ਦੇ ਟੈਲੀਫੋਨ ਨੰ. 0172-2298000 (Extension No. 5106

and 5107), 0172-2298083, ਹੈਲਪਲਾਈਨ ਨੰਬਰ 99885-80229 ਅਤੇ 96469-32955 ਤੇ ਸੰਪਰਕ ਕੀਤਾ ਜਾ ਸਕਦਾ ਹੈ।

(ਘ) ਇਸ ਇਸ਼ਤਿਹਾਰ/ਭਰਤੀ ਸਬੰਧੀ ਜੇਕਰ ਕੋਈ ਤਰੁੱਟੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੁਧਾਰਨ ਦਾ ਹੱਕ ਬੋਰਡ ਕੋਲ ਰਾਖਵਾਂ ਹੋਵੇਗਾ।

**ਸਹੀ/-**

**ਸਥਾਨ**: **ਐਸ.ਏ.ਐਸ. ਨਗਰ**

**ਮਿਤੀ**: 02.05.2026

**ਸਕੱਤਰ**

**ਅਧੀਨ ਸੇਵਾਵਾਂ ਚੋਣ ਬੋਰਡ**, **ਪੰਜਾਬ**